Surrey Schools
LEADERSHIP IN LEARNING

Tel: 604.596.7733
www.sd36.bc.ca

# ਬੱਚਿਆਂ ਦੀ ਐਲਰਜੀ ਤੋਂ ਜਾਣੂ ਸਕੂਲ

ਐਨੈਫਲੈਕਸਿਸ ਇੱਕ ਬਹੁਤ ਖਤਰਨਾਕ ਅਤੇ ਜ਼ਿੰਦਗੀ ਲੈ ਲੈਣ ਵਾਲੀ ਬਿਮਾਰੀ ਹੈ । ਇਸ ਲਈ ਇੱਕ ਦਮ ਡਾਕਟਰੀ ਇਲਾਜ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਇਸ ਦੇ ਹੋਣ ਨਾਲ ਸਾਰੇ ਸਰੀਰ ਵਿੱਚ ਐਲਰਜਨ ਦੇ ਰਾਹੀਂ ਬਹੁਤ ਜਲਦੀ ਹੀ ਅਸਰ ਹੁੰਦਾ ਹੈ । ਮਤਲਬ ਕਿ ਕਈ ਬੱਚੇ ਕਈ ਤਰਾਂ ਦੇ ਖਾਣਿਆਂ ਨੂੰ ਜਾਂ ਵਾਤਾਵਰਨ ਵਿੱਚ ਕਈ ਚੀਜ਼ਾਂ ਨੂੰ ਕੁਦਰਤੀ ਤੌਰ ਓਪਰ ਕਾਫੀ ਐਲਰਜਿਕ ਹੁੰਦੇ ਹਨ ਅਤੇ ਅਗਰ ਇਹਨਾਂ ਵਸਤੂਆਂ ਦੇ ਨਜ਼ਦੀਕ ਆ ਜਾਣ ਤਾਂ ਓਹਨਾਂ ਦੀ ਜ਼ਿੰਦਗੀ ਨੂੰ ਖਤਰਾ ਪੈਦਾ ਹੋ ਸਕਦਾ ਹੈ ।

**ਜ਼ਿੰਦਗੀ ਦੇ ਖਤਰੇ ਲਈ ਇਹ ਐਲਰਜਨਾਂ ਦੀਆਂ ਉਧਾਰਣਾਂ ਹਨ:**

- **ਮੂੰਗਫਲੀ**
- **ਦਰਖਤਾਂ ਦੇ**
- **ਸ਼ੈਲਫਿਸ਼**
- **ਗਾਂ ਦਾ ਦੁੱਧ**
- **ਆਡੇਂ**
- **ਕੀੜੇ ਮਕੌੜਿਆਂ ਦਾ ਜ਼ਹਿਰ**

ਸਰ੍ਹੀ ਸਕੂਲ ਡਿਸਟਰਿਕਟ ਹਰ ਕੋਸ਼ਿਸ਼ ਕਰਦੀ ਹੈ ਕਿ ਸਕੂਲਾਂ ਦੇ ਬੱਚਿਆਂ ਅਤੇ ਅਧਿਆਪਕਾਂ ਲਈ ਸਕੂਲ ਇੱਕ ਸੁਰਖਿੱਅਤ ਸਥਾਨ ਹੋਣ । ਜਦੋਂ ਕੋਈ ਵੀ ਬੱਚਾ ਕਿਸੇ ਵਸਤੂ ਨੂੰ ਐਲਰਜਿਕ ਹੋਵੇ ਜਿਸ ਨਾਲ ਓਸ ਦੀ ਜ਼ਿੰਦਗੀ ਨੂੰ ਖਤਰਾ ਹੋਵੇ ਤਾਂ ਸਾਰੇ ਅਧਿਆਪਕ, ਸਕੂਲ ਦੇ ਹੋਰ ਮਾਪੇ ਅਤੇ ਕਰਮਚਾਰੀ ਇਕੱਮਿੱਕ ਹੋ ਕਿ ਹਰ ਕੋਸ਼ਿਸ਼ ਕਰਦੇ ਹਨ ਕਿ ਓਸ ਬੱਚੇ ਨੂੰ ਇਹਨਾਂ ਦੱਸਿਆਂ ਐਲਰਜਨਾਂ ਤੋਂ ਖਤਰਾ ਟਲ ਜਾਵੇ ।

ਬੱਚੇ ਦੀ ਸੁਰਖਿਆ ਲਈ ਜੋ ਵੀ ਸਕੂਲ ਨੇ ਕਰਨਾਂ ਹੈ ਓਹ ਨਿਰਭਰ ਹੈ, ਬੱਚੇ ਦੀ ਓਮਰ, ਸਕੂਲ ਦੀ ਸਗੰਠਨਤਾ ਅਤੇ ਓਪਰ ਲਿਖੇ ਐਲਰਜਨਾਂ ਦੇ ਗੁਣਾਂ ਦੇ ਗਿਆਨ ਦੀ ਜਾਣਕਾਰੀ ਓਪਰ । ਜੋ ਵੀ ਕਰਨਾਂ ਹੈ ਓਸ ਵਿੱਚ ਇਹ ਖਾਸ ਖਿਆਲ ਰੱਖਿਆ ਜਾਂਦਾ ਹੈ ਕਿ ਨਾਂ ਤਾਂ ਬੱਚੇ ਓਪਰ ਅਤੇ ਨਾਂ ਹੀ ਸਕੂਲ ਦੇ ਰੋਜ਼ ਦੇ ਕਾਰੋਬਾਰ ਵਿੱਚ ਕੋਈ ਖਾਸ ਤਬਦੀਲੀ ਆਵੇ । ਇਹ ਫਿਰ ਸਾਰੀ ਜਾਣਕਾਰੀ ਸਕੂਲ ਦੇ ਮਾਪਿਆਂ ਤੱਕ ਪਹੁੰਚਾਈ ਜਾਂਦੀ ਹੈ ।

ਤਾਂ ਕਿ ਖਤਰੇ ਨੂੰ ਘਟਾਇਆ ਜਾ ਸਕੇ, ਸਾਰੇ ਕਰਮਚਾਰੀਆਂ ਅਤੇ ਵਿਦਿਆਰਥੀਆਂ ਨੂੰ ਇਹ ਗੁਜ਼ਾਰਿਸ਼ ਹੈ ਕਿ ਓਹ ਖਾਣ ਵੇਲੇ ਆਪਣੇ ਹੱਥਾਂ ਨੂੰ ਚੰਗੀ ਤਰਾਂ ਸਾਫ ਕਰਨ । ਕਈ ਵਾਰ ਜਦੋਂ ਕੋਈ ਵੀ ਬੱਚਾ ਇਸ ਹਾਲਤ ਤੋਂ ਪ੍ਰਭਾਵਿਤ ਹੋਵੇ ਤਾਂ ਸਕੂਲ ਵਲੋਂ ਮਾਪਿਆਂ ਦੇ ਅੱਗੇ ਦਰਖੁਆਸਤ ਕੀਤੀ ਜਾਂਦੀ ਹੈ ਕਿ ਓਹ ਖਤਰਨਾਕ ਭੋਜਨ ਸਕੂਲ ਨੂੰ ਨਾਂ ਭੇਜਣ । ਇਸ ਤਰਾਂ ਦੀ ਲੋੜੀਂਦੀ ਹੋਰ ਵੀ ਜਾਣਕਾਰੀ ਸਕੂਲ ਦੀ ਨਰਸ ਕੋਲੋਂ ਵੀ ਲਈ ਜਾ ਸਕਦੀ ਹੈ ।

ਇਹ ਜ਼ਰੂਰੀ ਹੈ ਕਿ ਇਸ ਤਰਾਂ ਦੇ ਖਤਰਿਆਂ ਤੋਂ ਬਚਣ ਲਈ ਸਕੂਲ ਦੇ ਸਾਰੇ ਕਰਮਚਾਰੀ, ਮਾਪੇ ਅਤੇ ਬੱਚੇ ਰਲ ਮਿਲ ਕੇ ਚਲਣ । ਜਿਹਨਾਂ ਵਸਤੂਆਂ ਤੋਂ ਜਾਂ ਇਸ ਤਰਾਂ ਦੀ ਐਲਰਜੀ ਤੋਂ ਜੇ ਕਿਸੇ ਦੀ ਵੀ ਜਾਨ ਨੂੰ ਖਤਰਾ ਹੈ, ਤਾਂ ਓਸ ਦੀ ਵਧੇਰੇ ਜਾਣਕਾਰੀ ਅਤੇ ਸਮਝ ਨਾਲ ਹੀ ਸਾਰੇ ਸੁਰਖਿਅਕ ਰਹਿ ਸਕਦੇ ਹਨ ।